# ਸੌਦਾ ਸਾਧ ਦੇ ਭੂਤਰੇ ਪ੍ਰੇਮੀਆਂ ਨੇ ਪੰਜਾਬ ਫੂਕ ਕੇ ਕੀਤਾ ਤਾਂਡਵ ਨਾਚ

☚ ਥਾਂ-ਥਾਂ ਬੱਸਾਂ, ਰੇਲਾਂ ਫੂਕੀਆਂ, ਸਰਕਾਰੀ ਜਾਇਦਾਦਾਂ ਦੀ ਭੰਨਤੋੜ, ਸਰਕਾਰ ਨੇ ਦਿੱਤਾ ਖੁੱਲਾ ਖੇਡ ਦਾ ਮੌਕਾ ☚ ਸੌਦਾ ਸਾਧ ਦੇ ਚੇਲਿਆਂ ਦੇ ਠੰਢੇ ਪੈਣ ਤੋਂ ਬਾਅਦ ਸਰਕਾਰ ਨੇ ਕੀਤਾ ਹਾਈ ਅਲਰਟ ☚ ਕੇਂਦਰ ਵਲੋਂ ਛੇ ਅਰਧ ਸੈਨਿਕ ਬਲਾਂ ਦੀ ਕੰਪਨੀਆਂ ਭੇਜੀਆਂ ☚ ਸਾੜ-ਫੂਕ ਸੰਬੰਧੀ 100 ਡੇਰਾ ਪ੍ਰੇਮੀ ਹਿਰਾਸਤ 'ਚ ਲੈਣ 'ਤੇ ਪੰਜਾਬ 'ਚ ਸ਼ਾਂਤੀ ☚ ਬਾਘਾਪੁਰਾਣਾ 'ਚ 400 ਵਿਅਕਤੀਆਂ ਖ਼ਿਲਾ.ਫ ਕੇਸ ਦਰਜ ☚ ਪਰ ਪੰਜਾਬ ਸਰਕਾਰ ਸੌਦਾ ਸਾਧ 'ਤੇ ਬਗਾਵਤ ਦਾ ਕੇਸ ਦਰਜ ਕਰਨ ਤੋਂ ਝਿਜਕਣ ਲੱਗੀ



ਬਠਿੰਡਾ-ਆਫਰੇ ਹੋਏ ਪਾਖੰਡੀ ਸੌਦਾ ਸਾਧ ਨੇ ਇੱਕ ਵਾਰ ਫਿਰ ਬਾਦਲ ਸਰਕਾਰ ਨੂੰ ਚੁਣੌਤੀ ਦੇ ਕੇ ਆਪਣੀ ਸ਼ਕਤੀ ਦਾ ਅਹਿਸਾਸ ਕਰਵਾਉਣ ਲਈ ਪੰਜਾਬ 'ਚ ਥਾਂ ਥਾਂ ਸਾੜ ਫੂਕ ਤੇ ਭੰਨਤੋੜ ਕਰਕੇ ਦੱਸ ਦਿੱਤਾ ਹੈ ਕਿ ਉਹ ਪੰਜਾਬ ਸਰਕਾਰ ਤੇ ਕਾਨੂੰਨ ਤੋਂ ਸੁਪਰੀਮ ਹੈ। ਸੌਦਾ ਸਾਧ ਦੇ ਸਿਰਸਾ ਡੇਰੇ ਦੇ ਮੈਨੇਜਰ ਫਕੀਰ ਚੰਦ ਦੇ ਕਤਲ ਦਾ ਮੁਕੱਦਮਾ ਦਰਜ ਹੋਣ ਤੋਂ ਬਾਅਦ, ਉਹ ਪੂਰੀ ਤਰ੍ਹਾਂ ਕਾਨੂੰਨੀ ਸਿਕੰਜੇ ਫਸ ਗਿਆ ਹੈ, ਇਸ ਲਈ ਉਸ ਨੇ ਪੰਜਾਬ ਸਰਕਾਰ ਨੂੰ ਦਬਕਾਉਣ ਲਈ, ਪੰਜਾਬ ਨੂੰ ਅੱਗ ਲਾਉਣ ਦੀ ਕੋਈ ਸਾਜਿਸ਼ ਸਿਰੇ ਚਾੜ ਦਿੱਤੀ। ਸੌਦਾ ਸਾਧ ਪ੍ਰੇਮੀ ਮੂੰਹ ਤੇ ਕੱਪੜਾ ਬੰਨ੍ਹ ਕੇ ਥਾਂ-ਥਾਂ ਹਥਿਆਰਬੰਦ ਹੋ ਕੇ ਬੱਸਾਂ ਤੇ ਰੇਲਾਂ ਦੀ ਸਾੜ ਫੂਕ ਤੇ ਸਰਕਾਰੀ ਦਫਤਰਾਂ ਦੀ ਭੰਨਤੋੜ ਸ਼ੁਰੂ ਕਰ ਦਿੱਤੀ। ਪੁਲਿਸ ਪਹਿਲਾ ਤਾਂ ਮੂਕ ਦਰਸ਼ਕ ਬਣੀ ਰਹੀ ਅਤੇ ਸੌਦਾ ਪ੍ਰੇਮੀਆਂ ਨੂੰ ਹਿੰਸਾ ਦਾ ਤਾਂਡਵ ਨੱਚਣ ਦਾ ਖੁੱਲਾ ਮੌਕਾ ਦਿੱਤਾ, ਜਦੋਂ ਸਥਿਤੀ ਬਦ ਤੋਂ ਬਦਤਰ ਹੋਣ ਲੱਗੀ ਅਤੇ ਕੁਝ ਥਾਵਾਂ 'ਤੇ ਬਾਦਲ ਦੀ ਟਰਾਂਸਪੋਰਟ ਕੰਪਨੀ ਦੀਆਂ ਬੱਸਾਂ ਨੂੰ ਅੱਗਾਂ ਲਾਈਆਂ ਤਾਂ ਪੁਲਿਸ ਹਰਕਤ 'ਚ ਆਈ ਤੇ ਸਾੜ ਫੂਕ ਕਰਨ ਵਾਲਿਆਂ ਦੀ ਧਰ ਪਕੜ ਸ਼ੁਰੂ ਕੀਤੀ, ਪ੍ਰੰਤੂ ਅੱਗਾਂ ਲਾਉਣ ਵਾਲਿਆਂ ਨੂੰ ਸੌਦਾ ਪ੍ਰੇਮੀ ਦੀ ਥਾਂ ਸ਼ਰਾਰਤੀ ਅਨਸਰ ਦੱਸਣ ਲਈ ਪੁਲਿਸ ਅਫਸਰਾਂ ਨੇ ਜ਼ਿਆਦਾ ਜ਼ੋਰ ਲਾਇਆ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਨ੍ਹਾਂ ਘਟਨਾਵਾਂ ਪਿੱਛੇ ਹਾਲੇ ਤੱਕ ਸੌਦਾ ਸਾਧ ਦਾ ਨਾਮ ਲੈਣ ਤੋਂ ਖੌ.ਫ ਖਾ ਰਹੇ ਹਨ ਕਿ ਕਿਤੇ ਸੌਦਾ ਸਾਧ ਦੀਆਂ ਵੋਟਾਂ ਸ਼੍ਰੋਮਣੀ ਅਕਾਲੀ ਦਲ ਤੋਂ ਨਾ ਖੁੱਸ ਜਾਣ। ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸੀਨੀਅਰ ਪੁਲੀਸ ਅ.ਫਸਰਾਂ ਨੇ ਵੀ ਇਹੀ ਨੀਤੀ ਅਪਣਾਈ ਹੋਈ ਹੈ।

ਇੱਥੇ ਜ਼ਿਕਰਯੋਗ ਹੈ ਕਿ ਸੌਦਾ ਸਾਧ ਦੇ ਭੁੱਤਰੇ ਪ੍ਰੇਮੀ ਮੋਗੇ 'ਚ ਕੈਂਟਰ 'ਤੇ ਸਵਾਰ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਪੁੱਜੇ ਅਤੇ ਉਨ੍ਹਾਂ ਬੱਸ ਅੱਡੇ ਤੇ ਭੰਨਤੋੜ ਤੋਂ ਇਲਾਵਾ ਛੇ ਬੱਸਾਂ ਨੂੰ ਅੱਗਾਂ ਲਾ ਦਿੱਤੀਆਂ ਅਤੇ ਲੁਧਿਆਣਾ ਤੋਂ ਫਿਰੋਜ਼ਪੁਰ ਜਾ ਰਹੀ ਰੇਲ ਨੂੰ ਵੀ ਅੱਗ ਦੇ ਸਪੁਰਦ ਕਰ ਦਿੱਤਾ। ਭੂਤਰੇ ਪ੍ਰੇਮੀ ਡੀ ਸੀ ਦਫਤਰ ਨੂੰ ਵੀ ਅੱਗ ਲਾਉਣ ਦੀ ਕੋਸ਼ਿਸ਼ 'ਚ ਰਹੇ ਅਤੇ ਐਸ ਐਸ ਪੀ ਦਫਤਰ ਦੇ ਸੁਰੱਖਿਆ ਮੁਲਾਜਮਾਂ ਨੇ ਹਵਾਈ ਫਾਈਰਿੰਗ ਕਰਕੇ ਇਨ੍ਹਾਂ ਨੂੰ ਖਦੇੜਿਆ। ਮਲੋਟ ਦੇ ਬੱਸ ਅੱਡੇ ਤੇ ਵੀ 250-300 ਡੇਰਾ ਪ੍ਰੇਮੀਆਂ ਨੇ ਹੱਲਾ ਬੋਲ ਦਿੱਤਾ, ਪ੍ਰੰਤੂ ਪੁਲਿਸ ਦੀ ਮੁਸ਼ਤੈਦੀ ਕਾਰਨ ਬੱਸਾਂ ਦੀ ਸਾੜ ਫੂਕ ਤੋਂ ਬਚਾ ਹੋ ਗਿਆ। ਪ੍ਰੰਤੂ ਤਣਾਅ ਕਾਰਨ ਸਾਰਾ ਬਾਜ਼ਾਰ ਬੰਦ ਹੋ ਗਿਆ। ਜੈਤੋ ਦੇ ਰੇਲਵੇ ਸਟੇਸ਼ਨ ਤੇ ਪੁੱਜੀ ਰੇਲ ਗੱਡੀ ਨੂੰ ਖਾਲੀ ਕਰਵਾਉਣ ਤੋਂ ਬਾਅਦ ਉਸ ਨੂੰ ਅੱਗ ਲਾ ਦਿੱਤੀ ਗਈ। ਇਸੇ ਤਰ੍ਹਾਂ ਗੋਨਿਆਣਾ ਮੰਡੀ 'ਚ ਵੀ ਇੱਕ ਬੱਸ ਫੂਕ ਦਿੱਤੀ ਗਈ। ਮਹਿਲ ਕਲਾਂ ਨੇੜੇ ਬਾਦਲ ਦੀ ਓਰਬਿਟ ਕੰਪਨੀ ਦੀ ਬੱਸ ਫੂਕ ਦਿੱਤੀ। ਬੱਸ ਫੂਕਣ ਤੋਂ ਬਾਅਦ ਮਹਿਲ ਕਲਾਂ ਪੁਲਿਸ ਨੇ ਹਰਕਤ ਵਿੱਚ ਆਉਂਦਿਆਂ ਚੰਨਣਵਾਲ ਪਿੰਡ ਤੋਂ ਸੱਤ, ਟੱਲੇਵਾਲ ਤੋਂ ਤਿੰਨ, ਮਹਿਲ ਕਲਾਂ, ਸੱਦੋਵਾਲ ਅਤੇ ਬੀਹਲਾ ਪਿੰਡ ਤੋਂ ਇੱਕ ਇੱਕ ਡੇਰਾ ਪ੍ਰੇਮੀਆਂ ਨੂੰ ਕਾਬੂ ਕਰ ਲਿਆ। ਅਬੋਹਰ 'ਚ ਵੀ ਛੇ ਬੱਸਾਂ ਦੀ ਭੰਨਤੋੜ ਕੀਤੀ ਗਈ ਅਤੇ ਦੋ ਨੂੰ ਅੱਗਾਂ ਲਾ ਦਿੱਤੀਆਂ ਗਈਆਂ। ਡੇਰਾ ਪ੍ਰੇਮੀਆਂ ਵਲੋਂ ਹਰਿਆਣੇ ਦੇ ਕੈਂਥਲ, ਜੀਂਦ, ਨਿਰਵਾਣਾ, ਤੇ ਉਚਾਨਾ ਵਿੱਚ ਵੀ ਭੰਨਤੋੜ ਅਤੇ ਸਾੜਫੂਕ ਕੀਤੀ ਗਈ। ਉਚਾਨਾ ਦੇ ਟੈਲੀਫੋਨ ਐਕਸਚੇਂਜ ਨੂੰ ਅੱਗ ਲਾ ਦਿੱਤੀ ਗਈ ਅਤੇ ਨਿਰਵਾਣਾ 'ਚ ਤਹਿਸੀਲਦਾਰ ਦੀ ਗੱਡੀ ਫੂਕ ਦਿੱਤੀ ਗਈ। ਫਤਿਹਾਬਾਦ ਅਤੇ ਹਿਸਾਰ ਵਿੱਚ ਵੀ ਵੱਡੀ ਪੱਧਰ ਤੇ ਸਾੜਫੂਕ ਹੋਣ ਦੀ ਖਬਰ ਹੈ। ਸਥਿਤੀ ਨੂੰ ਵਿਗੜਦਿਆਂ ਵੇਖ ਕੇ ਪੰਜਾਬ ਸਰਕਾਰ ਨੇ ਪੰਜਾਬ 'ਚ ਹਾਈਅਲਰਟ ਦਾ ਐਲਾਨ ਕਰ ਦਿੱਤਾ ਗਿਆ। ਕੇਂਦਰ ਸਰਕਾਰ



ਵਲੋਂ ਛੇ ਅਰਧ ਸੈਨਿਕ ਬਲਾਂ ਦੀਆਂ ਕੰਪਨੀਆਂ ਨੂੰ ਪੰਜਾਬ ਲਈ ਰਵਾਨਾ ਕਰ ਦਿੱਤਾ ਗਿਆ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਤਾ ਲੱਗਾ ਹੈ ਕਿ ਡੇਰਾ ਹਾਈ ਕਮਾਂਡ ਵੱਲੋਂ ਪੂਰੇ ਪੰਜਾਬ ਵਿੱਚ ਵਿਰੋਧ ਦੀ ਅੱਗ ਭੜਕਾਉਣ ਦੇ ਆਦੇਸ਼ ਦਿੱਤੇ ਗਏ ਸਨ। ਸੌਦਾ ਸਾਧ ਪ੍ਰੇਮੀਆਂ ਵਲੋਂ ਸ਼ਾਮ ਵੇਲੇ ਪੰਜਾਬ ਦੀ ਮਾਲਵਾ ਖੇਤਰ 'ਚ ਥਾਂ ਥਾਂ ਸਾੜ ਫੂਕ ਤੇ ਭੰਨਤੋੜ ਕਰਨ ਦੀ ਸਾਜਿਸ਼ ਅਚਾਨਕ ਨਹੀਂ ਵਾਪਰੀ, ਸਗੋਂ ਇਕ ਸੋਚੀ ਸਮਝੀ ਸਾਜਿਸ਼ ਹੈ। ਜਿਸ ਨੂੰ ਡੇਰੇ ਵਲੋਂ ਘੜਿਆ ਗਿਆ ਹੈ। ਸੌਦਾ ਸਾਧ ਵਿਰੁੱਧ ਡੇਰੇ ਦੇ ਮੈਨੇਜਰ ਫਕੀਰ ਚੰਦ ਦੇ ਕਤਲ ਦੇ ਦੋਸ਼ 'ਚ ਮਾਮਲਾ ਦਰਜ ਹੋ ਜਾਣ ਤੋਂ ਬਾਅਦ, ਸੌਦਾ ਸਾਧ ਕਾਨੂੰਨੀ ਰੂਪ 'ਚ ਪੂਰੀ ਤਰ੍ਹਾਂ ਘਿਰ ਗਿਆ ਹੈ, ਜਿਸ 'ਚੋਂ ਨਿਕਲਣ ਦੀ ਅਤੇ ਗ੍ਰਿਫਤਾਰੀ ਤੋਂ ਬਚਣ ਤੋਂ ਉਸਨੂੰ ਕੋਈ ਆਸ ਨਹੀਂ ਦਿਖਾਈ ਦੇ ਰਹੀ ਹੈ। ਇਸ ਸਥਿਤੀ 'ਚ ਸਰਕਾਰ ਤੇ ਦਬਾਅ ਪਾਉਣ ਲਈ ਸੌਦਾ ਸਾਧ ਨੇ ਪੰਜਾਬ 'ਚ ਥਾਂ ਥਾਂ ਅੱਗਾਂ ਲੁਆ ਕੇ ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰਨ ਦਾ ਯਤਨ ਕੀਤਾ ਹੈ। ਪੰਜਾਬ ਦੇ ਮਾਲਵਾ ਖਿੱਤੇ ਵਿੱਚ ਦਰਜਨ ਤੋਂ ਵੱਧ ਥਾਵਾਂ ਉੱਪਰ ਸਰਕਾਰੀ ਅਤੇ ਪ੍ਰਾਈਵੇਟ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤਹਿਤ ਪੁਲੀਸ ਨੇ ਬਰਨਾਲਾ, ਬਠਿੰਡਾ, ਮਾਨਸਾ, ਮੋਗਾ ਆਦਿ ਜ਼ਿਲ੍ਹਿਆਂ ਵਿੱਚ 100 ਦੇ ਲੱਗਭੱਗ ਸੌਦਾ ਪ੍ਰੇਮੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਕਈ ਸੌਦਾ ਸਾਧ ਦੇ ਚੇਲਿਆਂ ਨੇ ਪੁਲੀਸ ਦੇ ਡਰੋਂ ਆਪਣੇ ਘਰਾਂ 'ਚੋਂ ਬਾਬੇ ਦੀਆਂ ਤਸਵੀਰਾਂ ਲੁਕਾ ਕੇ ਰੱਖ ਲਈਆਂ ਹਨ। ਪੰਜਾਬ ਦੇ ਗ੍ਰਹਿ ਵਿਭਾਗ ਅਨੁਸਾਰ ਭੀੜ ਨੇ 30 ਬੱਸਾਂ ਨੂੰ ਸਾੜ ਦਿੱਤਾ, ਜਿਨ੍ਹਾਂ ਵਿੱਚ ਦੋ ਬੱਸਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਨਾਲ ਸੰਬੰਧਿਤ ਨਿੱਜੀ ਟਰਾਂਸਪੋਰਟ ਕੰਪਨੀ ਦੀਆਂ ਹਨ। ਪੰਜਾਬ ਸਰਕਾਰ ਦੇ 3 ਦ.ਫਤਰ ਅਤੇ ਟੈਲੀ.ਫੋਨ ਐਕਸਚੇਂਜਾਂ ਨੂੰ ਸਾੜ ਦਿੱਤਾ ਸੀ। ਕੇਂਦਰ ਨੇ ਪ੍ਰਭਾਵਿਤ ਇਲਾਕਿਆਂ ਲਈ 1200 ਨੀਮ .ਫੌਜੀ ਸੁਰੱਖਿਆ ਦਸਤੇ ਭੇਜੇ ਹਨ। ਮੋਗਾ ਤੋਂ ਮਿਲੀ ਰਿਪੋਰਟ ਅਨੁਸਾਰ ਇਸ ਸੰਬੰਧੀ 400 ਦੇ ਕਰੀਬ ਸੌਦਾ ਪ੍ਰੇਮੀਆਂ ਖ਼ਿਲਾ.ਫ ਵੱਖੋ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੰਜਾਬ ਦੇ ਵਧੀਕ ਪੁਲੀਸ ਮੁਖੀ (ਕਾਨੂੰਨ ਵਿਵਸਥਾ) ਜੇ. ਪੀ. ਬਿਰਦੀ ਨੇ ਪੁਲੀਸ ਵੱਲੋਂ 100 ਦੇ ਲੱਗਭੱਗ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਏ ਜਾਣ ਦੀ ਪੁਸ਼ਟੀ ਕੀਤੀ ਹੈ।

ਮੋਗਾ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਵੀ ਫੜੇ ਗਏ ਸ਼ੱਕੀ ਵਿਅਕਤੀਆਂ ਨੇ ਭੰਗੀਦਾਸਾਂ ਦਾ ਨਾਂ ਲਿਆ ਹੈ। ਹਿਰਾਸਤ ਵਿੱਚ ਲਏ ਬੰਦਿਆਂ ਦੀ ਪੁੱਛਗਿੱਛ ਦੌਰਾਨ ਜਿਨ੍ਹਾਂ ਵਿਅਕਤੀਆਂ ਦੇ ਨਾਂ ਸਾਹਮਣੇ ਆਏ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਡੇਰੇ 'ਤੇ ਬੁਲਾਰੇ ਪਵਨ ਇੰਸਾਂ ਨੇ ਕਿਹਾ ਕਿ ਡੇਰੇ ਵੱਲੋਂ ਸਪੱਸ਼ਟ ਕਰ ਦਿੱਤਾ ਸੀ ਕਿ ਇਨ੍ਹਾਂ ਘਟਨਾਵਾਂ ਪਿੱਛੇ ਡੇਰੇ ਦੇ ਕਿਸੇ ਵਿਅਕਤੀ ਦੀ ਕੋਈ ਭੂਮਿਕਾ ਨਹੀਂ ਹੈ।

ਪੰਜਾਬ ਪੁਲੀਸ ਦੇ ਡੀ. ਜੀ. ਪੀ. ਪਰਮਦੀਪ ਸਿੰਘ ਗਿੱਲ ਅਨੁਸਾਰ ਪੁਲੀਸ ਵੱਲੋਂ ਜਿਨ੍ਹਾਂ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਉਨ੍ਹਾਂ ਨੇ ਇਕਬਾਲ ਕੀਤਾ ਹੈ ਕਿ ਡੇਰਾ ਸੱਚਾ ਸੌਦਾ ਨਾਲ ਸੰਬੰਧਿਤ ਆਗੂਆਂ ਨੇ ਉਕਸਾਇਆ ਸੀ।

### *ਸਰਕਾਰ ਦੀ ਢਿੱਲੀ ਕਾਰਵਾਈ ਕਾਰਨ ਪੰਥਕ ਜਥੇਬੰਦੀਆਂ 'ਚ ਫੈਲਿਆ ਰੋਸ*

ਅੰਮ੍ਰਿਤਸਰ-ਖ਼ਾਲਸਾ ਐਕਸ਼ਨ ਕਮੇਟੀ ਦੇ ਆਗੂਆਂ ਭਾਈ ਮੋਹਕਮ ਸਿੰਘ, ਭਾਈ ਹਰਚਰਨਜੀਤ ਸਿੰਘ ਧਾਮੀ, ਭਾਈ ਹਰਪਾਲ ਸਿੰਘ ਚੀਮਾ, ਭਾਈ ਨਰਾਇਣ ਸਿੰਘ ਅਤੇ ਭਾਈ ਕੰਵਰਪਾਲ ਸਿੰਘ ਨੇ ਡੇਰਾ ਸਿਰਸਾ ਦੇ ਸਮਰਥਕਾਂ ਵਲੋ ਸ਼ੁਰੂ ਕੀਤੇ ਹਿੰਸਾ ਦੇ ਤਾਜ਼ਾ ਦੌਰ ਦਾ ਸ.ਖ਼ਤ ਨੋਟਿਸ ਲਿਆ। ਉਨ੍ਹਾਂ ਕਿਹਾ ਕਿ ਕਿਹਾ ਕਿ ਝੂਠੇ ਸੌਦੇ ਕਰਨ ਵਾਲੇ ਨੇ ਪੰਜਾਬ ਵਿਚ ਹਿੰਸਾ ਦਾ ਨੰਗਾ ਨਾਚ ਸ਼ੁਰੂ ਕੀਤਾ ਹੋਇਆ ਹੈ, ਪਰ ਪੰਜਾਬ ਦੀ ਅਯੋਗ ਸਰਕਾਰ ਉਸ ਨੂੰ ਲੋਕਾਂ ਦੀ ਜਾਨ ਨਾਲ ਖੇਡਣ ਦੀ ਖੁੱਲ੍ਹ ਦੇ ਰਹੀ ਹੈ। ਆਗੂਆਂ ਨੇ ਸਾਂਝੇ ਰੂਪ ਵਿਚ ਪੰਜਾਬ, ਹਰਿਆਣਾ, ਰਾਜਸਥਾਨ ਤੇ ਕੇਂਦਰ ਸਰਕਾਰ ਨੂੰ ਤਾੜਨਾ ਕੀਤੀ ਕਿ ਉਹ ਡੇਰਿਆਂ ਨਾਲ ਜੁੜੀਆਂ ਵੋਟਾਂ ਹਾਸਲ ਕਰਨ ਲਈ ਇਨ੍ਹਾਂ ਸਮਾਜ ਤੇ ਧਰਮ ਵਿਰੋਧੀ ਅਨਸਰਾਂ ਦੀ ਪੁਸ਼ਤ-ਪਨਾਹੀ ਬੰਦ ਕਰਨ ਅਤੇ ਡੇਰਾ ਮੁਖੀ ਤੇ ਉਸ ਦੇ ਗੁੰਡਾ ਗਰੋਹ ਵਿਰੁਧ ਸ.ਖ਼ਤ ਕਾਰਵਾਈ ਕੀਤੀ ਜਾਵੇ। ਆਗੂਆਂ ਨੇ ਸਿੱਖ ਸੰਗਤ ਨੂੰ ਗੁਰੂ ਘਰਾਂ ਤੇ ਹੋਰਨਾਂ ਸਿੱਖ ਅਦਾਰਿਆਂ ਦੀ ਰਾਖੀ ਲਈ ਤਿਆਰ-ਬਰ-ਤਿਆਰ ਰਹਿਣ ਦਾ ਸੱਦਾ ਦਿੱਤਾ।

### *ਭਾਈ ਰਣਜੀਤ ਸਿੰਘ ਤੇ ਮਾਨ ਵੱਲੋਂ ਨਿੰਦਾ*

ਲੁਧਿਆਣਾ-ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਇਸ ਘਟਨਾ ਤੇ ਟਿੱਪਣੀ ਕਰਦਿਆਂ ਆਖਿਆ ਕਿ ਬਾਦਲਾਂ ਨੇ ਵੋਟਾਂ ਲਈ ਪੰਥ ਤਾਂ ਪਹਿਲਾ ਹੀ ਗਹਿਣੇ ਰੱਖਿਆ ਹੋਇਆ ਸੀ,

ਬਾਕੀ ਸਫ਼ਾ 57 'ਤੇ ⟶

## ਸੌਦਾ ਸਾਧ ਨੇ ਕਿਵੇਂ ਬੁਣੀ ਸਾਜ਼ਿਸ਼



ਪੰਜਾਬ ਪੁਲੀਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਦੱਸਿਆ ਕਿ ਮਾਨਸਾ ਜ਼ਿਲ੍ਹੇ ਵਿੱਚ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਨੇ ਪੁੱਛ-ਗਿੱਛ ਦੌਰਾਨ ਮੰਨਿਆ ਹੈ ਕਿ ਬੱਸਾਂ ਅਤੇ ਸਰਕਾਰੀ ਜਾਇਦਾਦ ਦੀ ਭੰਨ-ਤੋੜ ਲਈ ਡੇਰੇ ਦੇ ਭੰਗੀਦਾਸਾਂ ਵੱਲੋਂ ਹੁਕਮ ਦਿੱਤੇ ਗਏ ਸਨ। ਘਟਨਾਵਾਂ ਪਿੱਛੇ ਜਿਨ੍ਹਾਂ ਵਿਅਕਤੀਆਂ ਵੱਲੋਂ ਭੂਮਿਕਾ ਨਿਭਾਈ ਗਈ। ਉਨ੍ਹਾਂ ਸੰਬੰਧੀ ਪੂਰੀ ਰਿਪੋਰਟ ਸਰਕਾਰ ਨੂੰ ਦੇ ਦਿੱਤੀ ਗਈ ਗਈ ਹੈ।

## ਬੁਰਛਾਗਰਦਾਂ ਨੂੰ ਖੁਲ੍ਹੀ ਛੁੱਟੀ ਦੇਣ ਪਿੱਛੋਂ ਅਕਾਲੀ ਦਲ ਨੂੰ ਜਾਪੀ ਨਵੇਂ ਕਾਨੂੰਨ ਦੀ ਲੋੜ



**ਚੰਡੀਗੜ੍ਹ**-ਅਕਾਲੀ-ਭਾਜਪਾ ਸਰਕਾਰ ਹੁਣ ਛੇਤੀ ਹੀ ਭੰਨਤੋੜ ਦੀਆਂ ਘਟਨਾਵਾਂ ਦੌਰਾਨ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਣ ਵਾਲਿਆਂ ਤੋਂ ਨੁਕਸਾਨ ਦੀ ਭਰਪਾਈ ਲਈ ਇਕ ਢੁੱਕਵਾਂ ਕਾਨੂੰਨ ਬਨਾਉਣ ਦੀ ਤਿਆਰੀ ਕਰ ਰਹੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਨੇ ਇਕ ਬਿਲ ਦਾ ਅਜਿਹਾ ਖਰੜਾ ਲੱਗਭੱਗ ਤਿਆਰ ਕਰ ਲਿਆ ਹੈ ਅਤੇ ਐਡਵੋਕੇਟ ਜਨਰਲ ਦੀ ਸਲਾਹ ਪ੍ਰਾਪਤ ਕਰਨ ਤੋਂ ਬਾਅਦ ਇਸ ਨੂੰ ਕਾਨੂੰਨ ਬਣਾਇਆ ਜਾਵੇਗਾ। ਨਵੇਂ ਕਾਨੂੰਨ ਅਨੁਸਾਰ ਜਿਹੜਾ ਵੀ ਬੁਰਛਾਗਰਦੀ ਜਾਂ ਹਿੰਸਾ ਦੀਆਂ ਘਟਨਾਵਾਂ ਵਿਚ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਏਗਾ, ਉਹ ਹੀ ਨੁਕਸਾਨ ਦੀ ਭਰਪਾਈ ਕਰੇਗਾ।